**CPE ਸਕ੍ਰੀਨਿੰਗ**

**ਮਰੀਜ਼ਾਂ ਲਈ ਜਾਣਕਾਰੀ**

ਜੇ ਇਸ ਕਿਤਾਬਚੇ ਵਿੱਚ ਮੁਹੱਈਆ ਕੀਤੀ ਗਈ ਜਾਣਕਾਰੀ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਇਹਨਾਂ 'ਤੇ ਤੁਹਾਡੀ ਦੇਖਭਾਲ ਕਰ ਰਹੀ ਨਰਸਿੰਗ ਜਾਂ ਡਾਕਟਰੀ ਟੀਮ ਦੇ ਕਿਸੇ ਮੈਂਬਰ ਨਾਲ ਚਰਚਾ ਕਰੋ।

ਅਪ੍ਰੈਲ 2015 CPE ਮਰੀਜ਼ ਲਈ ਕਿਤਾਬਚਾ ਸੰਸਕਰਣ 1.0

## CPE ਨੂੰ ਸਮਝਣਾ

ਹਰੇਕ ਸਧਾਰਨ, ਸਿਹਤਮੰਦ ਮਨੁੱਖ ਦੀ ਆਂਦਰ ਵਿੱਚ ਐਂਟਰੋਬੈਕਟੀਰੀਆਸੀਆ (Enterobacteriaceae) ਨਾਮਕ ਇੱਕ ਬੈਕਟੀਰੀਆ ਹੁੰਦੇ ਹਨ। ਜਦ ਕਿ ਇਹ ਆਂਦਰ ਵਿੱਚ ਹੁੰਦੇ ਹਨ, ਇਹ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਹਨ ਅਤੇ ਸਾਡਾ ਭੋਜਨ ਹਜ਼ਮ ਕਰਨ ਵਿੱਚ ਸਾਡੀ ਮਦਦ ਕਰਦੇ ਹਨ। ਇਸ ਨੂੰ ਕੋਲੋਨਾਈਜੇਸ਼ਨ (colonisation) ਕਿਹਾ ਜਾਂਦਾ ਹੈ। ਪਰ ਜੇ ਇਹ ਬੈਕਟੀਰੀਆ ਗਲਤ ਜਗ੍ਹਾ 'ਤੇ ਚਲੇ ਜਾਣ, ਜਿਵੇਂ ਕਿ ਮਸਾਨਾ ਜਾਂ ਖ਼ੂਨ ਦਾ ਪ੍ਰਵਾਹ, ਤਾਂ ਇਹਨਾਂ ਕਾਰਨ ਇਨਫੈਕਸਨ (ਲਾਗ) ਹੋ ਸਕਦੀ ਹੈ।

ਕਾਰਬਾਪੇਨੇਮੇਸ ਪੈਦਾ ਕਰਨ ਵਾਲੇ ਐਂਟਰੋਬੈਕਟੀਰੀਆਸੀਆ (Carbapenemase-Producing Enterobacteriaceae - CPE) ਇਹਨਾਂ ਐਂਟਰੋਬੈਕਟੀਰੀਆਸੀਆ ਦੀ ਇੱਕ ਕਿਸਮ ਹੁੰਦੇ ਹਨ। ਇਹਨਾਂ ਨੇ ਕਾਰਬਾਪੇਨੇਮਸ ਨਾਮਕ ਐਂਟੀਬਾਇਓਟਿਕ ਦਵਾਈਆਂ ਦੇ ਸ਼ਕਤੀਸ਼ਾਲੀ ਸਮੂਹ ਦੇ ਪ੍ਰਤੀ ਪ੍ਰਤਿਰੋਧ ਵਿਕਸਿਤ ਕਰ ਲਿਆ ਹੈ। ਕਾਰਬਾਪੇਨੇਮਸ ਐਂਟੀਬਾਇਓਟਿਕ ਦਵਾਈਆਂ ਦਾ ਮਹੱਤਵਪੂਰਨ ਸਮੂਹ ਹੈ ਜਿਸ 'ਤੇ ਡਾਕਟਰ ਅਕਸਰ ਇਨਫੈਕਸ਼ਨਾਂ ਦੇ ਨਾਲ ਲੜਨ ਲਈ ਭਰੋਸਾ ਕਰਦੇ ਹਨ ਜਦੋਂ ਦੂਜੀਆਂ ਐਂਟੀਬਾਇਓਟਿਕ ਦਵਾਈਆਂ ਨਾਲ ਇਲਾਜ ਅਸਫਲ ਹੋ ਜਾਂਦਾ ਹੈ। ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਹੋਸਪਿਸ ਵਿੱਚ CPE ਦੇ ਫੈਲਾਵ ਨੂੰ ਰੋਕੀਏ। ਇਸ ਨਾਲ ਯਕੀਨੀ ਬਣੇਗਾ ਕਿ ਇਹ ਐਂਟੀਬਾਇਓਟਿਕ ਦਵਾਈਆਂ ਭਵਿੱਖ ਵਿੱਚ ਇਨਫੈਕਸ਼ਨਾਂ ਦਾ ਇਲਾਜ ਕਰਨ ਲਈ ਉਪਲਬਧ ਰਹਿਣ।

### ਜੇ ਮੈਨੂੰ CPE ਹੈ, ਤਾਂ ਕੀ ਮੈਨੂੰ ਇਲਾਜ ਦੀ ਲੋੜ ਪਵੇਗੀ?

ਨਹੀਂ, ਆਮ ਤੌਰ ਤੇ ਨਹੀਂ। ਜਿਨ੍ਹਾਂ ਮਰੀਜ਼ਾਂ ਦੇ ਸਰੀਰ ਵਿੱਚ CPE ਹੈ ਉਹਨਾਂ ਦਾ ਇਲਾਜ ਕੀਤੇ ਜਾਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਹ ਬੈਕਟੀਰੀਆ ਬਿਨਾਂ ਕੋਈ ਨੁਕਸਾਨ ਪਹੁੰਚਾਏ, ਕੋਈ ਸਮੱਸਿਆਵਾਂ ਪੈਦਾ ਕੀਤੇ ਬਿਨਾਂ ਆਂਦਰ ਵਿੱਚ ਰਹਿੰਦੇ ਹਨ। ਪਰ, ਜੇ ਤੁਹਾਨੂੰ CPE ਦੇ ਕਾਰਨ ਹੋਈ ਕੋਈ ਇਨਫੈਕਸ਼ਨ ਹੈ, ਤਾਂ ਇਸ ਦਾ ਇਲਾਜ ਕਰਨ ਲਈ ਤੁਹਾਨੂੰ ਐਂਟੀਬਾਇਓਟਿਕ ਦਵਾਈਆਂ ਦੀ ਲੋੜ ਹੋਵੇਗੀ।

## CPE ਸਕ੍ਰੀਨਿੰਗ ਬਾਰੇ ਜਾਣਕਾਰੀ

### ਮਰੀਜ਼ਾਂ ਦੀ CPE ਲਈ ਸਕ੍ਰੀਨਿੰਗ (ਜਾਂਚ) ਕਿਉਂ ਕੀਤੀ ਜਾ ਰਹੀ ਹੈ?

ਇਹ ਜਾਣ ਕੇ ਕਿ ਕਿਹੜੇ ਮਰੀਆਂ ਦੇ ਸਰੀਰ ਅੰਦਰ CPE ਹੈ, ਅਸੀਂ ਯਕੀਨੀ ਬਣਾ ਸਕਦੇ ਹਾਂ ਕਿ CPE ਨੂੰ ਫੈਲਣ ਤੋਂ ਰੋਕਣ ਅਤੇ CPE ਇਨਫੈਕਸ਼ਨਾਂ ਨੂੰ ਰੋਕਣ ਲਈ ਉਹਨਾਂ ਨੂੰ ਬਿਹਤਰੀਨ ਦੇਖਭਾਲ ਮਿਲੇ।

CPE ਦੇ ਕਾਰਨ ਹੋਈਆਂ ਇਨਫੈਕਸ਼ਨਾਂ ਦਾ ਇਲਾਜ ਕਰਨਾ ਮੁਸ਼ਕਲ ਹੋ ਸਕਦਾ ਹੈ। ਇਹ ਜਾਣਨਾ ਬਹੁਤ ਮਹੱਤਵਪੂਰਨ ਹੈ ਕਿ ਕਿਸੇ ਵਿਅਕਤੀ ਦੇ ਸਰੀਰ ਅੰਦਰ CPE ਹੈ ਤਾਂ ਜੋ ਜੇ ਕੋਈ ਇਨਫੈਕਸ਼ਨ ਵਿਕਸਿਤ ਹੁੰਦੀ ਹੈ, ਡਾਕਟਰੀ ਸਟਾਫ ਇਸਦਾ ਇਲਾਜ ਕਰਨ ਲਈ ਜਲਦੀ ਨਾਲ ਬਿਹਤਰੀਨ ਐਂਟੀਬਾਇਓਟਿਕ ਦਵਾਈ ਦੀ ਪਛਾਣ ਕਰ ਸਕੇ।

**ਮਰੀਜ਼ਾਂ ਦੀ CPE ਲਈ ਸਕ੍ਰੀਨਿੰਗ ਕਿਵੇਂ ਕੀਤੀ ਜਾਂਦੀ ਹੈ?**

ਜਿਹੜੇ ਮਰੀਜ਼ਾਂ ਨੂੰ ਸਕੌਟਲੈਂਡ ਵਿੱਚ ਐਕਿਊਟ ਹਸਪਤਾਲਾਂ ਵਿੱਚ ਦਾਖਲ ਕੀਤਾ ਜਾਂਦਾ ਹੈ ਉਹਨਾਂ ਦਾ ਦਾਖਲੇ ਦੇ ਸਮੇਂ ਇਹ ਫੈਸਲਾ ਕਰਨ ਲਈ ਮੁਲਾਂਕਣ ਕੀਤਾ ਜਾਂਦਾ ਹੈ ਕਿ ਕੀ ਉਹਨਾਂ ਅੰਦਰ CPE ਹੋਣ ਦਾ ਜੋਖਮ ਹੈ। ਤੁਹਾਨੂੰ CPE ਲਈ ਸਕ੍ਰੀਨਿੰਗ ਕੀਤੇ ਜਾਣ ਲਈ ਸਿਰਫ ਤਾਂ ਕਿਹਾ ਜਾ ਸਕਦਾ ਹੈ ਜੇ:

- ਤੁਸੀਂ ਸਕੌਟਲੈਂਡ ਤੋਂ ਬਾਹਰ ਕਿਸੇ ਹਸਪਤਾਲ ਵਿੱਚ ਰਹੇ ਹੋ; ਜਾਂ
- ਬੀਤੇ ਸਮੇਂ ਵਿੱਚ ਤੁਹਾਡੇ ਅੰਦਰ CPE ਹੋਣ ਵੱਜੋਂ ਪਛਾਣ ਕੀਤੀ ਗਈ ਸੀ।

ਜੇ ਹਸਪਤਾਲ ਵਿੱਚ ਤੁਹਾਡੇ ਰਹਿਣ ਦੇ ਦੌਰਾਨ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ ਜਿਸ ਅੰਦਰ CPE ਸੀ, ਤਾਂ ਵੀ ਤੁਹਾਨੂੰ ਸਕ੍ਰੀਨਿੰਗ ਕਰਵਾਉਣ ਵਾਸਤੇ ਕਿਹਾ ਜਾ ਸਕਦਾ ਹੈ।

**ਮੇਰੀ CPE ਲਈ ਜਾਂਚ ਕਿਵੇਂ ਕੀਤੀ ਜਾਵੇਗੀ?**

ਜੇ ਜਾਂਚ ਵਾਸਤੇ ਤੁਹਾਡਾ ਨਮੂਨਾ ਲਏ ਜਾਣ ਦੀ ਲੋੜ ਹੈ, ਤਾਂ ਤੁਹਾਡੀ ਦੇਖਭਾਲ ਟੀਮ ਦਾ ਇੱਕ ਮੈਂਬਰ ਤੁਹਾਡੀ ਗੁਦਾ ਵਿੱਚ ਥੋੜ੍ਹੀ ਜਿਹੀ ਦੂਰੀ ਤਕ ਇੱਕ ਸਵੈਬ (ਫੰਬਾ) ਪਾਵੇਗਾ। ਜਾਂ, ਉਹ ਟੱਟੀ ਦੇ ਇੱਕ ਨਮੂਨੇ ਦੀ ਵੀ ਜਾਂਚ ਕਰ ਸਕਦੇ ਹਨ। ਕੁਝ ਹੋਰ ਨਮੂਨਿਆਂ ਦੀ ਵੀ ਲੋੜ ਹੋ ਸਕਦੀ ਹੈ, ਉਦਾਹਰਨ ਲਈ ਜੇ ਤੁਹਾਨੂੰ ਕੋਈ ਜਖ਼ਮ ਹੈ ਜਾਂ ਤੁਹਾਡੇ ਪਿਸ਼ਾਬ ਦੀ ਕੈਥੀਟਰ ਲੱਗੀ ਹੋਈ ਹੈ।

ਜਦੋਂ ਇਹ ਨਮੂਨੇ ਲਏ ਜਾ ਰਹੇ ਹੋਣਗੇ ਤਾਂ ਸਾਰੇ ਸਮਿਆਂ 'ਤੇ ਤੁਹਾਡੀ ਨਿੱਜਤਾ ਅਤੇ ਮਾਣ-ਸਨਮਾਨ ਦਾ ਆਦਰ ਕੀਤਾ ਜਾਵੇਗਾ।

ਸਾਰੇ ਸਵੈਬ (ਫੰਬੇ) ਅਤੇ ਨਮੂਨੇ ਇਹ ਦੇਖਣ ਲਈ ਲੈਬਾਰਟਰੀ ਵਿੱਚ ਭੇਜੇ ਜਾਣਗੇ ਕਿ ਕਿਹੜੇ ਬੈਕਟੀਰੀਆ ਵੱਧਦੇ ਹਨ, ਅਤੇ ਤੁਹਾਡੀ ਦੇਖਭਾਲ ਟੀਮ ਤੁਹਾਨੂੰ ਨਤੀਜਿਆਂ ਬਾਰੇ ਸੂਚਿਤ ਕਰੇਗੀ।

ਜਦੋਂ ਤਕ ਤੁਹਾਡੀ ਜਾਂਚ ਦਾ ਨਤੀਜਾ ਨਹੀਂ ਮਿਲਦਾ ਹੈ ਤੁਹਾਨੂੰ ਇੱਕ ਇਕੱਲੇ ਵਿਅਕਤੀ ਦੇ ਕਮਰੇ ਵਿੱਚ ਰਹਿਣ ਲਈ ਕਿਹਾ ਜਾ ਸਕਦਾ ਹੈ।

## ਉਹਨਾਂ ਮਰੀਜ਼ਾਂ ਲਈ ਜਾਣਕਾਰੀ ਜਿਨ੍ਹਾਂ ਦੀ CPE ਜਾਂਚ ਪਾਜ਼ਿਟਿਵ ਆਉਂਦੀ ਹੈ

### ਜੇ ਮੇਰੀ CPE ਜਾਂਚ ਪਾਜ਼ਿਟਿਵ ਹੋਵੇ ਤਾਂ ਕੀ ਹੁੰਦਾ ਹੈ?

ਜੇ CPE ਲਈ ਤੁਹਾਡੀ ਸਕ੍ਰੀਨਿੰਗ ਜਾਂਚ ਪਾਜ਼ਿਟਿਵ ਆਉਂਦੀ ਹੈ, ਤਾਂ ਇਸਦਾ ਮਤਲਬ ਹੈ ਕਿ ਤੁਹਾਡੇ ਅੰਦਰ CPE ਹੈ। ਇਸ ਕਾਰਨ ਆਮ ਤੌਰ 'ਤੇ ਉਹਨਾਂ ਵਿਅਕਤੀਆਂ ਦੇ ਅੰਦਰ ਕੋਈ ਸਮੱਸਿਆਵਾਂ ਨਹੀਂ ਹੁੰਦੀਆਂ ਜੋ ਤੰਦਰੁਸਤ ਅਤੇ ਸਿਹਤਮੰਦ ਹਨ, ਅਤੇ ਹੋ ਸਕਦਾ ਹੈ ਤੁਹਾਨੂੰ ਕੋਈ ਮਾੜਾ ਅਸਰ ਨਾ ਹੋਵੇ। ਜੇ ਤੁਸੀਂ ਇਨਫੈਕਸ਼ਨ ਦੇ ਕੋਈ ਚਿੰਨ੍ਹ ਨਹੀਂ ਦਿਖਾ ਰਹੇ ਹੋ, ਤਾਂ ਕਿਸੇ ਇਲਾਜ ਦੀ ਲੋੜ ਨਹੀਂ ਹੁੰਦੀ।

ਜੇ ਤੁਹਾਨੂੰ ਕੋਈ ਇਨਫੈਕਸ਼ਨ ਹੋ ਜਾਂਦੀ ਹੈ, ਤਾਂ ਤੁਹਾਡੇ ਡਾਕਟਰ ਲਈ ਇਹ ਜਾਣਨਾ ਬਹੁਤ ਮਦਦਗਾਰ ਹੁੰਦਾ ਹੈ ਕਿ ਤੁਹਾਡੇ ਅੰਦਰ CPE ਹੈ। ਇਸਦਾ ਮਤਲਬ ਹੈ ਕਿ ਉਹ ਤੁਹਾਡੀ ਇਨਫੈਕਸ਼ਨ ਦਾ ਜਲਦੀ ਨਾਲ ਇਲਾਜ ਕਰਨ ਲਈ ਬਿਹਤਰੀਨ ਐਂਟੀਬਾਇਓਟਿਕ ਦਵਾਈ ਦੀ ਪਛਾਣ ਕਰ ਸਕਦੇ ਹਨ।

ਜੇ ਤੁਹਾਡੀ CPE ਸਕ੍ਰੀਨਿੰਗ ਜਾਂਚ ਪਾਜ਼ਿਟਿਵ ਆਉਂਦੀ ਹੈ, ਤਾਂ ਹੋ ਸਕਦਾ ਹੈ ਜਦੋਂ ਤਕ ਤੁਸੀਂ ਹਸਪਤਾਲ ਵਿੱਚ ਰਹੋ ਤੁਹਾਡੀ ਹਰ ਹਫਤੇ CPE ਲਈ ਜਾਂਚ ਕੀਤੀ ਜਾਵੇ।

### ਜਿਸ ਦੌਰਾਨ ਮੈਂ ਹਸਪਤਾਲ ਵਿੱਚ ਹੁੰਦਾ/ਹੁੰਦੀ ਹਾਂ, ਇਨਫੈਕਸ਼ਨ ਨੂੰ ਰੋਕਣ ਅਤੇ ਨਿਯੰਤ੍ਰਿਤ ਕਰਨ ਲਈ ਕੀ ਕੀਤਾ ਜਾਵੇਗਾ?

ਤੁਹਾਡੇ ਹਸਪਤਾਲ ਵਿੱਚ ਰਹਿਣ ਦੇ ਦੌਰਾਨ ਜਾਂ ਜਦੋਂ ਤਕ ਡਾਕਟਰ ਸੰਤੁਸ਼ਟ ਨਾ ਹੋ ਜਾਣ ਕਿ ਦੂਜੇ ਮਰੀਜ਼ਾਂ ਤਕ CPE ਫੈਲਣ ਦਾ ਕੋਈ ਜੋਖਮ ਨਹੀਂ ਹੈ, ਤੁਹਾਨੂੰ ਇੱਕ ਇਕੱਲੇ ਵਿਅਕਤੀ ਦੇ ਕਮਰੇ ਵਿੱਚ ਰਹਿਣ ਲਈ ਕਿਹਾ ਜਾ ਸਕਦਾ ਹੈ।

ਇਨਫੈਕਸ਼ਨ ਨੂੰ ਰੋਕਣ ਲਈ ਸਭ ਤੋਂ ਮਹੱਤਵਪੂਰਨ ਕੰਮ ਜੋ ਤੁਸੀਂ ਕਰ ਸਕਦੇ ਹੋ, ਉਹ ਹੈ ਟੋਇਲਟ ਜਾਣ ਤੋਂ ਬਾਅਦ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਣੇ। ਤੁਸੀਂ ਅਲਕੋਹਲ ਅਧਾਰਤ ਹੈਂਡ ਰਬ (ਹੱਥਾਂ 'ਤੇ ਮੱਲਣ ਵਾਲਾ ਪਦਾਰਥ) ਵੀ ਵਰਤ ਸਕਦੇ ਹੋ। ਇਹ ਵੀ ਜ਼ਰੂਰੀ ਹੈ ਕਿ ਤੁਸੀਂ ਆਪਣੇ ਕਿਸੇ ਵੀ ਡਾਕਟਰੀ ਉਪਕਰਣ ਨੂੰ ਹੱਥ ਲਗਾਉਣ ਤੋਂ ਬਚੋ ਜਿਵੇਂ ਕਿ ਪਿਸ਼ਾਬ ਵਾਲਾ ਕੈਥੀਟਰ ਜਾਂ ਨੱਸ ਵਿੱਚ ਲਗਾਈ ਗਈ ਨਾਲੀ। ਇਸ ਨਾਲ CPE ਕਰਕੇ ਹੋਣ ਵਾਲੀ ਇਨਫੈਕਸ਼ਨ ਵਿਕਸਿਤ ਹੋਣ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਮਿਲੇਗੀ।

### ਕੀ ਅਜੇ ਵੀ ਲੋਕ ਮੈਨੂੰ ਮਿਲਣ ਆ ਸਕਦੇ ਹਨ?

CPE ਵਾਲੇ ਮਰੀਜ਼ਾਂ ਨੂੰ ਅਜੇ ਵੀ ਹਸਪਤਾਲ ਵਿੱਚ ਲੋਕ ਮਿਲਣ ਆ ਸਕਦੇ ਹਨ। ਅਜਿਹੇ ਮੁਲਾਕਾਤੀ ਜੋ ਇਨਫੈਕਸ਼ਨ ਦੇ ਪ੍ਰਤੀ ਅਸੁਰੱਖਿਅਤ ਹੁੰਦੇ ਹਨ, ਬੱਚਿਆਂ ਅਤੇ ਬਹੁਤ ਛੋਟੇ ਬੱਚਿਆਂ ਨੂੰ ਮੁਲਾਕਾਤ ਲਈ ਨਾ ਆਉਣ ਦੀ ਸਲਾਹ ਦਿੱਤੀ ਜਾਂਦੀ ਹੈ। ਸਾਰੇ ਮੁਲਾਕਾਤੀਆਂ ਨੂੰ ਤੁਹਾਡੇ ਕਮਰੇ ਅੰਦਰ ਦਾਖਲ ਹੋਣ ਅਤੇ ਕਮਰੇ ਤੋਂ ਬਾਹਰ ਜਾਣ ਵੇਲੇ ਆਪਣੇ ਹੱਥ ਧੋਣੇ ਚਾਹੀਦੇ ਹਨ।

## ਜਦੋਂ ਮੈਂ ਹਸਪਤਾਲ ਤੋਂ ਜਾਂਦਾ/ਜਾਂਦੀ ਹਾਂ ਤਾਂ ਕੀ ਹੁੰਦਾ ਹੈ?

ਜਦੋਂ ਤੁਸੀਂ ਹਸਪਤਾਲ ਤੋਂ ਜਾਂਦੇ ਹੋ, ਜੇ ਉਸ ਵੇਲੇ ਤੁਹਾਡੇ ਅੰਦਰ CPE ਹੈ, ਤਾਂ ਇਹ ਸਮੇਂ ਦੇ ਨਾਲ ਜਾ ਸਕਦਾ ਹੈ। ਤੁਹਾਨੂੰ ਆਪਣੇ ਘਰ ਵਿੱਚ ਕੋਈ ਵਾਧੂ ਸਾਵਧਾਨੀਆਂ ਵਰਤਣ ਦੀ ਲੋੜ ਨਹੀਂ ਹੁੰਦੀ, ਸਿਵਾਏ ਇਸਦੇ ਕਿ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ, ਖਾਸ ਕਰਕੇ ਟੋਇਲਟ ਜਾਣ ਤੋਂ ਬਾਅਦ। ਜੇ ਕੋਈ ਰਿਸ਼ਤੇਦਾਰ ਜਾਂ ਦੋਸਤ ਘਰ ਵਿੱਚ ਤੁਹਾਡੀ ਦੇਖਭਾਲ ਵਿੱਚ ਮਦਦ ਕਰ ਰਿਹਾ/ਰਹੀ ਹੈ, ਤਾਂ ਇਹ ਜ਼ਰੂਰੀ ਹੈ ਕਿ ਉਹ ਤੁਹਾਡੀ ਦੇਖਭਾਲ ਕਰਨ ਤੋਂ ਪਹਿਲਾਂ ਅਤੇ ਬਾਅਦ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਣ। ਬਿਸਤਰੇ ਦੀਆਂ ਚਾਦਰਾਂ, ਕੱਪੜੇ ਅਤੇ ਹੋਰ ਲਾਂਡਰੀ ਨੂੰ ਆਮ ਵਾਂਗ ਧੋਇਆ ਜਾ ਸਕਦਾ ਹੈ।

ਜੇ ਤੁਸੀਂ ਵਾਪਸ ਹਸਪਤਾਲ ਜਾਂ ਕਿਸੇ ਹੋਰ ਸਿਹਤ-ਸੰਭਾਲ ਮਾਹੌਲ ਵਿੱਚ ਚਲੇ ਜਾਂਦੇ ਹੋ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਤੁਹਾਡੀ ਦੇਖਭਾਲ ਕਰਨ ਵਾਲੇ ਸਟਾਫ ਨੂੰ ਦੱਸੋ ਕਿ ਬੀਤੇ ਸਮੇਂ ਵਿੱਚ ਤੁਹਾਡਾ CPE ਟੈਸਟ ਦਾ ਨਤੀਜਾ ਪਾਜ਼ਿਟਿਵ ਆਇਆ ਸੀ। ਇਸ ਨਾਲ ਯਕੀਨੀ ਬਣ ਸਕੇਗਾ ਤੁਹਾਡੀ ਦੁਬਾਰਾ ਜਾਂਚ ਕੀਤੀ ਜਾਵੇ ਅਤੇ CPE ਨੂੰ ਫੈਲਣ ਤੋਂ ਰੋਕਣ ਲਈ ਅਤੇ ਤੁਹਾਨੂੰ CPE ਦੀ ਇਨਫੈਕਸ਼ਨ ਹੋਣ ਦਾ ਜੋਖਮ ਘਟਾਉਣ ਲਈ ਤੁਹਾਨੂੰ ਬਿਹਤਰੀਨ ਦੇਖਭਾਲ ਮਿਲੇ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇ ਤੁਸੀਂ ਹੋਰ ਜਾਣਕਾਰੀ ਲੈਣੀ ਚਾਹੋ, ਤਾਂ ਕਿਰਪਾ ਕਰਕੇ ਤੁਹਾਡੀ ਦੇਖਭਾਲ ਕਰਨ ਵਾਲੀ ਨਰਸਿੰਗ ਜਾਂ ਡਾਕਟਰੀ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰੋ, ਜੋ ਤੁਹਾਡੇ ਵੱਲੋਂ ਸਥਾਨਕ ਇਨਫੈਕਸ਼ਨ ਪ੍ਰਿਵੈਨਸ਼ਨ ਐਂਡ ਕੰਟ੍ਰੋਲ ਟੀਮ ਨਾਲ ਸੰਪਰਕ ਕਰ ਸਕਦੇ ਹਨ।

ਕਿਰਪਾ ਕਰਕੇ ਹੇਠਾਂ ਦਿੱਤੀ ਜਗ੍ਹਾ ਦੀ ਵਰਤੋਂ ਉਹ ਕੋਈ ਵੀ ਪ੍ਰਸ਼ਨ ਲਿਖਣ ਲਈ ਕਰੋ ਜੋ ਤੁਸੀਂ ਸ਼ਾਇਦ ਆਪਣੀ ਦੇਖਭਾਲ ਕਰਨ ਵਾਲੀ ਟੀਮ ਤੋਂ ਪੁੱਛਣੇ ਚਾਹੋ।

ਇਹ ਕਿਤਾਬਚਾ ਦੂਜੀਆਂ ਭਾਸ਼ਾਵਾਂ ਵਿੱਚ ਅਤੇ ਨਾਲ ਹੀ ਵੱਡੇ ਅੱਖਰਾਂ ਵਿੱਚ ਮਿਲ ਸਕਦਾ ਹੈ। ਇਸ ਕਿਤਾਬਚੇ ਦੀ ਕਿਸੇ ਹੋਰ ਭਾਸ਼ਾ ਜਾਂ ਰੂਪ ਵਿੱਚ ਕਾਪੀ ਮੰਗਣ ਲਈ, ਕਿਰਪਾ ਕਰਕੇ ਹੈਲਥ ਪ੍ਰੋਟੈਕਸ਼ਨ ਸਕੌਟਲੈਂਡ ਨਾਲ ਸੰਪਰਕ ਕਰੋ: NSS.HPSHAIScreening@nhs.net

Health Protection Scotland
Meridian Court, 5 Cadogan Street, Glasgow G2 6QE
0141 300 1100

ਅਪ੍ਰੈਲ 2015 CPE ਮਰੀਜ਼ ਲਈ ਕਿਤਾਬਚਾ ਸੰਸਕਰਣ 1.0